## ਦਫਤਰ, ਜ਼ਿਲ੍ਹਾ ਭਲਾਈ ਅਫਸਰ, ਅੰਬੇਦਕਰ ਭਵਨ, ਫਰੀਦਕੋਟ(01639-250766)।

ਸੇਵਾ ਵਿਖੇ

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।
2. ਪ੍ਰਿੰਸੀਪਲ, ਆਦੇਸ਼ ਇਨਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਮਹਿਮੂਆਣਾ।
3. ਪ੍ਰਿੰਸੀਪਲ, ਬਾਬਾ ਫਰੀਦ ਲਾਅ ਕਾਲਜ, ਗੋਦੜੀ ਸਾਹਿਬ, ਫਰੀਦਕੋਟ।
4. ਪ੍ਰਿੰਸੀਪਲ, ਬਾਬਾ ਬੰਦਾ ਬਹਾਦਰ ਕਾਲਜ ਆਫ ਨਰਸਿੰਗ, ਕੋਟਕਪੂਰਾ ਰੋਡ, ਫਰੀਦਕੋਟ।
5. ਪ੍ਰਿੰਸੀਪਲ, ਦਸ਼ਮੇਸ਼ ਇਨਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸ, ਫਰੀਦਕੋਟ।
6. ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ ਆਫ ਨਰਸਿੰਗ, (ਬੀ.ਐਫ.ਯੂ.ਐਚ.ਐਸ.), ਫਰੀਦਕੋਟ।
7. ਸੈਂਟਰ ਹੈੱਡ, ਨਵਦੀਪ ਟੈਕਨੀਕਲ ਪੀ.ਟੀ.ਯੂ. ਸਟੱਡੀ ਸੈਂਟਰ, ਫਰੀਦਕੋਟ-2।
8. ਪ੍ਰਿੰਸੀਪਲ, ਨਿਊ ਮਾਡਲ ਕੇ.ਕੇ. ਮਰਵਾਹ ਗਰਲਜ਼ ਕਾਲਜ, ਫਰੀਦਕੋਟ।
9. ਪ੍ਰਿੰਸੀਪਲ, ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ।
10. ਪ੍ਰਿੰਸੀਪਲ, ਸਰਕਾਰੀ ਆਈ.ਟੀ.ਆਈ., ਫਰੀਦਕੋਟ।
11. ਪ੍ਰਿੰਸੀਪਲ, ਸਰਕਾਰੀ ਬਰਜਿੰਦਰਾ ਕਾਲਜ, ਫਰੀਦਕੋਟ।
12. ਪ੍ਰਿੰਸੀਪਲ, ਸ਼ਹੀਦ ਭਗਤ ਸਿੰਘ ਗੌਰਮਿੰਟ ਕਾਲਜ, ਕੋਟਕਪੂਰਾ।
13. ਪ੍ਰਿੰਸੀਪਲ, ਬਾਬਾ ਫਰੀਦ ਮੈਡੀਕਲ ਇਨਸਟੀਚਿਊਟ ਫਾਰ ਨਰਸਿੰਗ, ਕੋਟਕਪੂਰਾ।
14. ਪ੍ਰਿੰਸੀਪਲ, ਅਕਾਲ ਸਹਾਏ ਕਾਲਜ ਆਫ ਐਜੂਕੇਸ਼ਨ, ਕੋਟਕਪੂਰਾ।
15. ਪ੍ਰਿੰਸੀਪਲ, ਬਾਬਾ ਇਨਸਟੀਚਿਊਟ ਆਫ ਐਜੂਕੇਸ਼ਨ, ਦੇਵੀ ਵਾਲਾ ਰੋਡ, ਕੋਟਕਪੂਰਾ।
16. ਪ੍ਰਿੰਸੀਪਲ, ਅਬਨੂਰ ਪੋਲਟੈਕਨਿਕ ਕਾਲਜ, ਪਿਪਲੀ ਰੋਡ, ਫਰੀਦਕੋਟ।
17. ਪ੍ਰਿੰਸੀਪਲ, ਮਾਲਵਾ ਪੋਲਟੈਕਨਿਕ ਕਾਲਜ, ਪਿੰਡ ਮਹਿਮੂਆਣਾ, ਜ਼ਿਲ੍ਹਾ ਫਰੀਦਕੋਟ।
18. ਪ੍ਰਿੰਸੀਪਲ, ਗਾਂਧੀ ਮੈਮੋਰੀਅਲ ਕਾਲਜ ਫਾਰ ਵੂਮੈਨ, ਕੋਟਕਪੂਰਾ।
19. ਪ੍ਰਿੰਸੀਪਲ, ਮਾਲਵਾ ਕਾਲਜ ਆਫ ਨਰਸਿੰਗ, ਨੇੜੇ ਰੇਲਵੇ ਲਾਈਨ, ਕੋਟਕਪੂਰਾ।
20. ਪ੍ਰਿੰਸੀਪਲ, ਐਸ.ਬੀ.ਆਰ.ਐਸ. ਕਾਲਜ ਫਾਰ ਵੂਮੈਨ, ਪਿੰਡ ਘੁੱਦੂ ਵਾਲਾ(ਸਾਦਿਕ)।
21. ਪ੍ਰਿੰਸੀਪਲ, ਡਾਕਟਰ ਰਵਿੰਦਰ ਇਨਸਟੀਚਿਊਟ ਆਫ ਨਰਸਿੰਗ, ਪਿੰਡ ਬਾਜਾਖਾਨਾ।

ਮੀਮੋ ਨੰਬਰ 388-408 ਮਿਤੀ 14-05-13

ਵਿਸ਼ਾ:- ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਨੂੰ ਆਨਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਲਾਗੂ ਕਰਨ ਬਾਰੇ ।

ਸ੍ਰੀਮਾਨ ਜੀ

ਉਪਰੋਕਤ ਵਿਸ਼ੇ ਸਬੰਧੀ ਸਕੱਤਰ ਪੰਜਾਬ ਸਰਕਾਰ, ਭਲਾਈ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਮਿਤੀ 31-01-2013 ਅਤੇ 06-02-2013 ਨੂੰ ਸਵੇਰੇ 11:00 ਵਜੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੇ ਕਮੇਟੀ ਰੂਮ ਵਿੱਚ ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ ਪੰਜਾਬ, ਡਾਇਰੈਕਟਰ, ਸਿਖਿਆ ਵਿਭਾਗ(ਕਾਲਜਾਂ)(ਸੈ:ਸਿ:)(ਐ:ਸਿ:), ਪੰਜਾਬ ਚੰਡੀਗੜ੍ਹ ਨਾਲ ਮੀਟਿੰਗ ਕੀਤੀ ਗਈ ਸੀ । ਮੀਟਿੰਗ ਵਿੱਚ ਵਿਦਿਅਕ ਸ਼ੈਸ਼ਨ 2013-14 ਤੋਂ ਸਕਾਲਰਸ਼ਿਪ ਸਕੀਮ ਅਧੀਨ, ਦਰਖਾਸਤਾਂ ਪ੍ਰਾਪਤ ਕਰਨ ਲਈ ਸਮਾਂ ਸਾਰਨੀ ਬਾਰੇ ਵਿਚਾਰ ਕਰਦੇ ਹੋਏ ਸਮਾਂ ਨਿਸ਼ਚਿਤ ਕੀਤਾ ਗਿਆ । ਮੀਟਿੰਗ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਦੇ ਹੋਏ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ । ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਸੂਚਨਾ ਨੋਟਿਸ ਬੋਰਡ ਤੇ ਲਗਾਈ ਜਾਵੇ ।

ਨੱਥੀ:- ਉਕਤ ਅਨੁਸਾਰ ਚਾਰ ਵਰਕੇ

ਜ਼ਿਲ੍ਹਾ ਭਲਾਈ ਅਫਸਰ
ਫਰੀਦਕੋਟ।

ਪਿੱਠਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਦੀ ਸੇਵਾ ਵਿੱਚ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਿਪਟੀ ਕਮਿਸ਼ਨਰ, ਫਰੀਦਕੋਟ।

ਜ਼ਿਲ੍ਹਾ ਭਲਾਈ ਅਫਸਰ
ਫਰੀਦਕੋਟ।

**ਸਕੱਤਰ ਪੰਜਾਬ ਸਰਕਾਰ, ਭਲਾਈ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਮਿਤੀ 31.01.2013 ਅਤੇ 6.2.2013 ਨੂੰ ਸਵੇਰੇ 11.00 ਵਜੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਦੇ ਕਮੇਟੀ ਰੂਮ ਵਿੱਚ ਸਕਾਲਰਸ਼ਿਪ ਸਕੀਮਾਂ ਨੂੰ ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਲਾਗੂ ਕਰਨ ਬਾਰੇ ਹੋਈ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹਾਜਰ ਹੋਏ ਅਧਿਕਾਰੀਆਂ ਦਾ ਵੇਰਵਾ ਅਨੁਲਗ ੳ ਅਨੁਸਾਰ ਹੈ।

ਸਕੱਤਰ ਭਲਾਈ ਵਿਭਾਗ ਜੀ ਵਲੋਂ ਮੀਟਿੰਗ ਸ਼ੁਰੂ ਕਰਦਿਆਂ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਅਧੀਨ ਫੰਡਜ ਭਲਾਈ ਵਿਭਾਗ ਵਲੋਂ ਜਾਰੀ ਕੀਤੇ ਜਾਂਦੇ ਹਨ। ਭਲਾਈ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕਾਲਰਸ਼ਿਪ ਸਕੀਮਾਂ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ), ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ ਰਾਹੀਂ ਲਾਗੂ ਕੀਤੀਆਂ ਜਾਂਦੀਆਂ ਹਨ। ਇਹ ਸਕੀਮਾਂ ਤਦ ਹੀ ਸਹੀ ਢੰਗ ਨਾਲ ਚਲਾਈਆਂ ਜਾ ਸਕਦੀਆਂ ਹਨ, ਜੇਕਰ ਲਾਗੂ-ਕਰਤਾ ਵਿਭਾਗਾਂ ਵਲੋਂ ਸਮੇਂ ਸਿਰ ਪੂਰਣ ਸਹਿਯੋਗ ਦਿੰਦੇ ਹੋਏ ਵਿਦਿਆਰਥੀਆਂ ਦੀਆਂ ਸੂਚੀਆਂ ਸਮੇਂ ਸਿਰ ਭਲਾਈ ਵਿਭਾਗ ਨੂੰ ਪਹੁੰਚਾਈਆਂ ਜਾਣ। ਭਲਾਈ ਵਿਭਾਗ ਨੂੰ ਲਾਗੂ-ਕਰਤਾ ਵਿਭਾਗਾਂ ਵਲੋਂ ਵਿਦਿਆਰਥੀਆਂ ਦੀਆਂ ਸੂਚੀਆਂ ਸਪਲਾਈ ਨਾ ਕਰਨ ਕਾਰਣ ਸਕਾਲਰਸ਼ਿਪ ਸਕੀਮਾਂ ਅਧੀਨ ਸਰਕਾਰ ਵਲੋਂ ਪ੍ਰਵਾਨ ਕੀਤੀ ਰਾਸ਼ੀ ਖਜ਼ਾਨੇ ਵਿੱਚੋਂ ਕਢਵਾਉਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ, ਜਦ ਕਿ ਇਸ ਸਮੇਂ ਇਸ ਵਿੱਤੀ ਸਾਲ 2012-13 ਦੀ ਆਖਰੀ ਤਿਮਾਹੀ ਬੀਤ ਰਹੀ ਹੈ।

ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਦੀ ਸਮੀਖਿਆ ਕਰਦੇ ਹੋਏ, ਡੀ.ਪੀ.ਆਈ.(ਸੈ:ਸਿ:) ਵਲੋਂ ਸਾਰੀਆਂ ਵਿਦਿਅਕ ਸਕੀਮਾਂ ਅਧੀਨ ਵਿਦਿਆਰਥੀਆਂ ਦੀਆਂ ਮੁਕੰਮਲ ਸੂਚੀਆਂ ਮਿਤੀ 8.2.2013 ਤੱਕ ਭਲਾਈ ਵਿਭਾਗ ਨੂੰ ਪਹੁੰਚਾਉਣ ਦਾ ਭਰੋਸਾ ਦਿਵਾਇਆ ਗਿਆ। ਸਕੱਤਰ ਭਲਾਈ ਵਿਭਾਗ ਜੀ ਵਲੋਂ ਹੁਕਮ ਕੀਤੇ ਗਏ ਕਿ ਜਿਸ ਸਕੀਮ ਅਧੀਨ ਜਿਸ ਜ਼ਿਲ੍ਹੇ ਵਿੱਚ ਵਿਦਿਆਰਥੀ ਉਪਲਭੱਧ ਨਾ ਹੋਣ ਉਸ ਬਾਰੇ ਵੀ ਸੂਚਿਤ ਕੀਤਾ ਜਾਵੇ।

ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ:) ਵਲੋਂ ਚਲਾਈਆਂ ਜਾ ਰਹੀਆਂ ਸਕਾਲਰਸ਼ਿਪ ਸਕੀਮਾਂ ਦੀ ਸਮੀਖਿਆ ਕਰਦੇ ਹੋਏ ਵਿਦਿਆਰਥੀਆਂ ਦੀਆਂ ਸੂਚੀਆਂ ਹੁਣ ਤੱਕ ਨਾ ਭੇਜਣ ਦੀ ਸਥਿਤੀ ਨੂੰ ਸਕੱਤਰ ਭਲਾਈ ਵਿਭਾਗ ਜੀ ਵਲੋਂ ਗੰਭੀਰਤਾ ਨਾਲ ਵਿਚਾਰਿਆ ਗਿਆ, ਜਿਸ ਤੇ ਡੀ.ਪੀ.ਆਈ.(ਐ:ਸਿ:) ਵਲੋਂ ਸਾਰੀਆਂ ਸਕਾਲਰਸ਼ਿਪ ਸਕੀਮਾਂ ਅਧੀਨ ਸੂਚੀਆਂ ਮਿਤੀ 14.02.2013 ਤੱਕ ਪਹੁੰਚਾਉਣ ਦਾ ਭਰੋਸਾ ਦਿਵਾਇਆ। ਇਸ ਤੇ ਸਕੱਤਰ ਭਲਾਈ ਜੀ ਵਲੋਂ ਹੁਕਮ ਕੀਤੇ ਗਏ ਕਿ ਇਸ ਤੋਂ ਬਾਅਦ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ।

ਸਕੱਤਰ ਭਲਾਈ ਵਿਭਾਗ ਵਲੋਂ ਸਕਾਲਰਸ਼ਿਪ ਸਕੀਮਾਂ ਦੀ ਸਮੀਖਿਆ ਕਰਦੇ ਹੋਏ ਹੁਕਮ ਕੀਤੇ ਗਏ ਕਿ ਵੱਖ-ਵੱਖ ਕੋਰਸਾਂ ਅਧੀਨ ਵਿਦਿਆਰਥੀਆਂ ਵਲੋਂ ਸਕਾਲਰਸ਼ਿਪ ਦੇ ਫਾਰਮ ਭਰ ਕੇ ਸਬੰਧਤ ਸੰਸਥਾ ਨੂੰ ਦੇਣ, ਸੰਸਥਾ ਵਲੋਂ ਲਾਗੂ-ਕਰਤਾ ਵਿਭਾਗ ਨੂੰ ਭੇਜਣ ਅਤੇ ਲਾਗੂ-ਕਰਤਾ ਵਿਭਾਗ ਵਲੋਂ ਪੜਚੋਲ ਕੇ ਸੰਕਲਿਤ ਸੂਚੀਆਂ ਭਲਾਈ ਵਿਭਾਗ ਨੂੰ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਜਾਵੇ। ਸਬੰਧਤ ਸੰਸਥਾ/ਵਿਭਾਗ ਦੀ ਇਹ ਵੀ ਜਿੰਮੇਵਾਰੀ ਹੋਵੇ ਕਿ ਵਿਦਿਆਰਥੀਆਂ ਦੇ ਬੈਂਕ ਖਾਤੇ/ਆਈ.ਐਫ.ਐਸ.ਸੀ.ਕੋਡ ਦਰੁਸਤ ਹੋਣ, ਤਾਂ ਜੋ ਸਕਾਲਰਸ਼ਿਪ ਦੀ ਰਾਸ਼ੀ ਬੈਂਕਾਂ ਵਲੋਂ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਵਲੋਂ ਭਲਾਈ ਵਿਭਾਗ ਵਿੱਚ ਸਕਾਲਰਸ਼ਿਪ ਸਕੀਮਾਂ ਨੂੰ ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਕੰਟ੍ਰੋਲ ਕਰਨ ਲਈ ਸੈੱਲ ਸਥਾਪਤ ਕਰਨ ਬਾਰੇ ਵੀ ਹੁਕਮ ਕੀਤੇ ਗਏ ਕਿ ਭਾਵੇਂ ਹਾਲ ਦੀ ਘੜੀ ਕਰਮਚਾਰੀ (Young Professional) ਆਊਟ-ਸੋਰਸ ਹੀ ਕਰ ਲਏ ਜਾਣ, ਤਾਂ ਜੋ ਇਸ ਕੰਮ ਨੂੰ ਸਮੇਂ ਸਿਰ ਨਿਪਟਾਉਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ।

ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ); ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਪੰਜਾਬ ਦੇ ਮੁਖੀ ਮਿਤੀ 31.1.2013 ਨੂੰ ਹਾਜਰ ਨਾ ਹੋਣ ਕਾਰਣ ਉਨ੍ਹਾਂ ਨਾਲ ਮਿਤੀ 6.2.2013 ਨੂੰ ਸਵੇਰੇ 11.00 ਵਜੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੇ ਕਮੇਟੀ ਰੂਮ ਵਿੱਚ ਮੀਟਿੰਗ ਨਿਸ਼ਚਿਤ ਕੀਤੀ ਗਈ ਸੀ।

ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ); ਵਲੋਂ ਵਿਚਾਰ-ਵਟਾਂਦਰੇ ਦੌਰਾਨ ਦਰਸਾਈ ਸਥਿਤੀ ਅਨੁਸਾਰ ਉਨ੍ਹਾਂ ਨੂੰ ਸਾਲ 2012-13 ਨਾਲ ਸਬੰਧਤ ਵਿਦਿਆਰਥੀਆਂ ਦੀਆਂ ਸੂਚੀਆਂ ਭਲਾਈ ਵਿਭਾਗ ਨੂੰ 10 ਦਿਨਾਂ ਦੇ ਅੰਦਰ-ਅੰਦਰ ਭੇਜਣ ਬਾਰੇ ਪਾਬੰਦ ਕੀਤਾ ਗਿਆ। ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਮਿਤੀ 6.2.2013 ਨੂੰ ਵੀ ਨਿਜੀ ਤੌਰ ਤੇ ਹਾਜਰ ਨਹੀਂ ਹੋਏ। ਤਕਨੀਕੀ ਸਿੱਖਿਆ ਵਿਭਾਗ ਤੋਂ ਆਏ ਅਧਿਕਾਰੀਆਂ ਵਲੋਂ ਦੱਸਿਆ ਗਿਆ ਕਿ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨਵੀਂ ਦਿੱਲੀ ਵਿਖੇ ਮੀਟਿੰਗ ਅਟੈਂਡ ਕਰਨ ਗਏ ਹੋਏ ਹਨ। ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਦੀ ਗੈਰ-ਹਾਜਰੀ ਦਾ ਸਕੱਤਰ ਭਲਾਈ ਵਿਭਾਗ ਜੀ ਵਲੋਂ ਗੰਭੀਰ ਨੋਟਿਸ ਲਿਆ ਗਿਆ। ਇਨ੍ਹਾਂ ਦੋਵੇਂ ਵਿਭਾਗਾਂ ਦੀਆਂ ਸੂਚੀਆਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋਏ ਸਕੱਤਰ ਭਲਾਈ ਜੀ ਵਲੋਂ ਹੁਕਮ ਕੀਤੇ ਗਏ ਵਿੱਤੀ ਸਾਲ ਆਖਰੀ ਪੜਾਅ ਤੇ ਹੈ, ਇਸ ਲਈ ਇਨ੍ਹਾਂ ਵਿਭਾਗਾਂ ਨੂੰ ਪੱਤਰ ਲਿਖੇ ਜਾਣ ਕਿ ਉਨ੍ਹਾਂ ਦੀਆਂ ਬਾਕੀ ਰਹਿੰਦੀਆਂ ਸੂਚੀਆਂ 10 ਦਿਨਾਂ ਦੇ ਅੰਦਰ-ਅੰਦਰ ਭਲਾਈ ਵਿਭਾਗ ਪਾਸ ਪਹੁੰਚ ਜਾਣੀਆਂ ਚਾਹੀਦੀਆਂ ਹਨ। ਇਸ ਉਪਰੰਤ ਪ੍ਰਾਪਤ ਹੋਈ ਸੂਚੀ ਭਲਾਈ ਵਿਭਾਗ ਵਲੋਂ ਪ੍ਰਵਾਨ ਨਹੀਂ ਕੀਤੀ ਜਾਵੇਗੀ ਅਤੇ ਜੋ ਵਿਦਿਆਰਥੀ ਸਕਾਲਰਸ਼ਿਪ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਦੀ ਜਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

ਮੀਟਿੰਗ ਦੌਰਾਨ ਭਵਿੱਖ ਵਿੱਚ ਵਿਦਿਅਕ ਸ਼ੈਸ਼ਨ 2013-14 ਤੋਂ ਸਕਾਲਰਸ਼ਿਪ ਸਕੀਮਾਂ ਅਧੀਨ ਦਰਖਾਸਤਾਂ ਪ੍ਰਾਪਤ ਕਰਨ ਲਈ ਸਮਾਂ-ਸਾਰਣੀ ਬਾਰੇ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਸਮਾਂ ਨਿਸ਼ਚਿਤ ਕਰਨ ਬਾਰੇ ਫੈਸਲਾ ਕੀਤਾ ਗਿਆ:-

ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ;

| ਕੋਰਸ ਦਾ ਵੇਰਵਾ | ਵਿਦਿਆਰਥੀਆਂ ਵਲੋਂ ਸਕਾਲਰਸ਼ਿਪ ਦੇ ਫਾਰਮ ਭਰਨ ਦੀ ਆਖਰੀ ਮਿਤੀ | ਸਬੰਧਤ ਸੰਸਥਾ/ਕਾਲਜ ਵਲੋਂ ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਨੂੰ ਮੰਗ ਭੇਜਣ ਦੀ ਆਖਰੀ ਮਿਤੀ | ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਵਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ |
|---|---|---|---|
| ਐਮ.ਬੀ.ਬੀ.ਐਸ./ਬੀ.ਏ.ਐਮ.ਐਸ. ਅਤੇ ਨਰਸਿੰਗ ਆਦਿ ਮੈਡੀਕਲ ਕੋਰਸ | | | |
| (ਨਵਾਂ ਦਾਖਲਾ) | 15 ਅਕਤੂਬਰ | 31 ਅਕਤੂਬਰ | 30 ਨਵੰਬਰ |
| (ਰਿਨਿਊਲ) | 16 ਅਗਸਤ | 31 ਅਗਸਤ | 30 ਸਤੰਬਰ |

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ;

| ਕੋਰਸ ਦਾ ਵੇਰਵਾ | ਵਿਦਿਆਰਥੀਆਂ ਵਲੋਂ ਸਕਾਲਰਸ਼ਿਪ ਦੇ ਫਾਰਮ ਭਰਨ ਦੀ ਆਖਰੀ ਮਿਤੀ | ਸਬੰਧਤ ਸੰਸਥਾ/ਕਾਲਜ ਵਲੋਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾ ਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ | ਡਾਇਰੈਕਟਰ, ਤਕਨੀਕ ਸਿੱਖਿਆ ਅਤੇ ਉਦਯੋਗਿ ਸਿਖਲਾਈ ਵਿਭਾਗ ਵਲੋ ਭਲਾਈ ਵਿਭਾਗ ਨੂੰ ਮੰ ਭੇਜਣ ਦੀ ਆਖਰੀ ਮਿਤੀ |
|---|---|---|---|
| ਟੈਕਨੀਕਲ ਡਿਗਰੀ/ ਡਿਪਲੋਮਾ/ਸਰਟੀਫਿਕੇਟ ਕੋਰਸ<br>(ਨਵਾਂ ਦਾਖਲਾ) | 15 ਅਕਤੂਬਰ | 31 ਅਕਤੂਬਰ | 30 ਨਵੰਬਰ |
| (ਰਿਨਿਊਲ) | 16 ਅਗਸਤ | 31 ਅਗਸਤ | 30 ਸਤੰਬਰ |

ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ);

| ਕੋਰਸ ਦਾ ਵੇਰਵਾ | ਵਿਦਿਆਰਥੀਆਂ ਵਲੋਂ ਸਕਾਲਰਸ਼ਿਪ ਦੇ ਫਾਰਮ ਭਰਨ ਦੀ ਆਖਰੀ ਮਿਤੀ | ਸਬੰਧਤ ਸੰਸਥਾ/ਕਾਲਜ ਵਲੋਂ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਨੂੰ ਮੰਗ ਭੇਜਣ ਦੀ ਆਖਰੀ ਮਿਤੀ | ਡਾਇਰੈਕਟਰ, ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਵਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ |
|---|---|---|---|
| ਬੀ.ਏ./ਬੀ.ਐਸ.ਸੀ.ਭਾਗ-। ਤੋਂ ਉੱਪਰ ਤੇ ਸਾਰੇ ਕੋਰਸ<br>(ਨਵਾਂ ਦਾਖਲਾ) | 31 ਅਗਸਤ | 15 ਸਤੰਬਰ | 15 ਅਕਤੂਬਰ |
| (ਰਿਨਿਊਲ) | 31 ਜੁਲਾਈ | 16 ਅਗਸਤ | 15 ਸਤੰਬਰ |

ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:);

| ਕੋਰਸ ਦਾ ਵੇਰਵਾ | ਵਿਦਿਆਰਥੀਆਂ ਵਲੋਂ ਸਕਾਲਰਸ਼ਿਪ ਦੇ ਫਾਰਮ ਭਰਨ ਦੀ ਆਖਰੀ ਮਿਤੀ | ਸਬੰਧਤ ਸੰਸਥਾ/ਸਕੂਲ ਵਲੋਂ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਨੂੰ ਮੰਗ ਭੇਜਣ ਦੀ ਆਖਰੀ ਮਿਤੀ | ਡਾਇਰੈਕਟਰ, ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਵਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ |
|---|---|---|---|
| 10+1<br>(ਨਵਾਂ ਦਾਖਲਾ) | 31 ਅਗਸਤ | 15 ਸਤੰਬਰ | 15 ਅਕਤੂਬਰ |
| 10+2<br>(ਰਿਨਿਊਲ) | 31 ਜੁਲਾਈ | 16 ਅਗਸਤ | 15 ਸਤੰਬਰ |

ਫੈਸਲਾ ਕੀਤਾ ਗਿਆ ਕਿ ਲਾਗੂ-ਕਰਤਾ ਵਿਭਾਗ ਭਵਿੱਖ ਵਿੱਚ ਉਕਤ ਨਿਸ਼ਚਿਤ ਕੀਤੀ ਸਮਾਂ-ਸਾਰਣੀ ਅਨੁਸਾਰ ਤਜਵੀਜਾਂ ਭਲਾਈ ਵਿਭਾਗ ਨੂੰ ਭੇਜਣਗੇ। ਇਸ ਦੇ ਨਾਲ ਇਹ ਵੀ ਹੁਕਮ ਹੋਏ ਕਿ ਲਾਗੂ-ਕਰਤਾ ਵਿਭਾਗ ਆਪਣੇ ਅਧੀਨ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕਰਨ ਕਿ ਤਜਵੀਜ਼ਾਂ ਤਿਆਰ ਕਰਨ ਸਮੇਂ ਸਬੰਧਤ ਵਿਦਿਆਰਥੀ ਪਾਸੋਂ ਉਸ ਵਲੋਂ ਦਿੱਤੇ ਗਏ ਪਾਰਟੀਕੁਲਰਜ ਵਿਸ਼ੇਸ਼ ਤੌਰ ਤੇ ਬੈਂਕ ਖਾਤਾ ਅਤੇ ਆਈ.ਐਫ.ਐਸ.ਸੀ. ਕੋਡ ਦੀ ਦਰੁਸਤੀ ਦੀ ਪੁਸ਼ਟੀ ਕਰਵਾਈ

ਜਾਵੇ ਅਤੇ ਸਬੰਧਤ ਸੰਸਥਾ ਦਾ ਮੁਖੀ ਵਲੋਂ ਤਜਵੀਜ ਤੇ ਸਰਟੀਫਿਕੇਟ ਦਿੱਤਾ ਜਾਵੇ ਕਿ ਤਜਵੀਜ ਵਿੱਚ ਦਿੱਤੀ ਗਈ ਸਮੁੱਚੀ ਸੂਚਨਾ ਸਹੀ ਅਤੇ ਦਰੁਸਤ ਹੈ।

ਮੀਟਿੰਗ ਵਿੱਚ ਬੈਂਕ ਅਧਿਕਾਰੀਆਂ ਵਲੋਂ ਸਕੱਤਰ ਭਲਾਈ ਵਿਭਾਗ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਵਿਦਿਆਰਥੀਆਂ ਦੇ ਬੈਂਕ ਖਾਤੇ ਅਤੇ ਆਈ.ਐਫ.ਐਸ.ਸੀ.ਕੋਡ ਵਿੱਚ ਗਲਤੀਆਂ ਹੋਣ ਕਾਰਣ ਬਹੁਤ ਸਾਰੇ ਬੈਂਕ ਖਾਤਿਆਂ ਵਿੱਚ ਰਾਸ਼ੀ ਟ੍ਰਾਂਸਫਰ ਨਹੀਂ ਹੁੰਦੀ। ਇਸ ਤੇ ਸਕੱਤਰ ਭਲਾਈ ਵਿਭਾਗ ਜੀ ਵਲੋਂ ਹੁਕਮ ਕੀਤੇ ਗਏ ਕਿ ਫਾਰਮ ਭਰਨ ਅਤੇ ਉਸ ਉਪਰੰਤ ਸਕਾਲਰਸ਼ਿਪ ਦੀ ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਅਦਾਇਗੀ ਕਰਵਾਉਣ ਲਈ ਪ੍ਰੋਫਾਰਮੇ ਵਿੱਚ ਵਿਦਿਆਰਥੀਆਂ ਸਬੰਧੀ ਸੂਚਨਾ ਤਿਆਰ ਕਰਨ ਲਈ ਡੂਜ਼ ਐਂਡ ਡੋਂਟਸ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ, ਸੰਸਥਾ ਦੇ ਨੋਟਿਸ ਬੋਰਡ ਤੇ ਲਗਾ ਕੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇ। ਸਬੰਧਤ ਸੰਸਥਾ ਦੇ ਮੁਖੀ ਦੀ ਵੀ ਜਿੰਮੇਵਾਰੀ ਹੋਵੇਗੀ ਕਿ ਸੂਚਨਾ ਤਿਆਰ ਕਰਨ ਸਮੇਂ ਡੂਜ਼ ਐਂਡ ਡੋਂਟਸ ਨੂੰ ਧਿਆਨ ਵਿੱਚ ਰੱਖਿਆ ਜਾਵੇ:-

Instructions for filling the Bank Details only, rest all the columns remain the same

| Do's | Dont's |
|---|---|
| Account number should be in numeric field | Do not write any alphabet or symbols in the account number field |
| IFSC Code should be of 11 digits, First 4 characters are alphabets & last 7 are numeric | Do not write Bank name along with IFSC Code, only 11 digits should be mentioned in this field. |
| Also mention complete name & the address of the Bank in separate column. | Ensure that zero do not get deleted for the accounts starting from '0' |
| Capture the name and address of institutes in the separate column | -- |
| Please recheck the cell format while saving the file | -- |

Below are the examples for better understanding while filling the performa.

| | WRONG EXAMPLES | | | | |
|---|---|---|---|---|---|
| Sr. No. | Name of students | Name and address of the Institute | Amount | Account Number | IFSC Code |
| 1. | Aman Kumar | RIMT Polytechnic College Mandi Gobindgarh. | 2760/- | 52482011029363 OBC<br>Incorrect | ORBC0105248 OBC<br>Incorrect |
| 2. | Aman Kumar | RIMT Polytechnic College Mandi Gobindgarh. | 2760/ | A/c52482011029363<br>Incorrect | ORBC0105248 OBC<br>Incorrect |
| 3. | Aman Kumar | RIMT Polytechnic College Mandi Gobindgarh. | 2760/ | 5248201/1029363<br>Incorrect | ORBC0105248 OBC<br>Incorrect |

| | RIGHT EXAMBLE | | | | |
|---|---|---|---|---|---|
| Sr. No. | Name of students | Name and address of the Institute | Amount | Account Number | IFSC Code |
| 1. | Aman Kumar | RIMT Polytechnic College Mandi Gobindgarh. | 2760/- | 52482011029363<br>Correct | ORBC0105248 |